## 19

# ''ਸਭ ਨੇ ਹੈਰਾਨ ਹੋ ਕੇ ਪਰਮੇਸ਼ੁਰ ਦੀ ਵਡਿਆਈ ਕੀਤੀ''

## ਯਿਸੂ ਦੀ ਚੰਗਿਆਈ ਦੀ ਸੇਵਕਾਈ, ਇਕ ਨੇੜ ਝਾਤ

ਇਸ ਹਫ਼ਤੇ ਸਾਡਾ ਬਾਈਬਲ ਪਾਠ ਇਹ ਸੰਕੇਤ ਦਿੰਦਾ ਹੈ ਕਿ ਯਿਸੂ ਦੀ ਸੇਵਕਾਈ ਦਾ ਇਕ ਅਹਿਮ ਹਿੱਸਾ ਉਸ ਵੱਲੋਂ ਕੀਤੀ ਗਈ ਚੰਗਿਆਈ ਸੀ।[1] ਉਦਾਹਰਣ ਵੱਜੋਂ ਕਫ਼ਰਨਾਹੂਮ ਦੀ ਸਮਾਜ (ਸਿਨਾਗੋਗ) ਵਿਚ, ਯਿਸੂ ਨੇ ਇਕ ਆਦਮੀ ਵਿੱਚੋਂ ਬਦਰੂਹ ਨੂੰ ਕੱਢਿਆ (ਮਰਕੁਸ 1:21–28; ਲੂਕਾ 4:31–37)। ਨਤੀਜੇ ਵਜੋਂ ''ਸਭ ਹੈਰਾਨ ਹੋਏ ... ਓਵੇਂ ਹੀ ਗਲੀਲ ਦੇ ਸਾਰੇ ਇਲਾਕੇ ਵਿਚ ਉਹ ਦੀ ਧੁੰਮ ਪੈ ਗਈ'' (ਮਰਕੁਸ 1:27, 28)।

ਸਿਨਾਗੋਗ ਤੋਂ ਯਿਸੂ ਅਤੇ ਉਸ ਦੇ ਚੇਲੇ ਪਤਰਸ ਅਤੇ ਅੰਦ੍ਰਿਆਸ ਦੇ ਘਰ ਚਲੇ ਗਏ। ਉੱਥੇ ਯਿਸੂ ਨੇ ਪਤਰਸ ਦੀ ਸੱਸ ਨੂੰ ਚੰਗਾ ਕੀਤਾ। ਉਸ ਸ਼ਾਮ ''ਉਸ ਦੇ ਕੋਲ ਬਹੁਤਿਆਂ ਨੂੰ ਲਿਆਏ ਜਿਨ੍ਹਾਂ ਨੂੰ ਭੂਤ ਚਿੰਬੜੇ ਹੋਏ ਸਨ ਅਤੇ ਉਸ ਨੇ ਬਚਨ ਨਾਲ ਬਦਰੂਹਾਂ ਨੂੰ ਕੱਢ ਦਿੱਤਾ ਅਰ ਸਾਰੇ ਰੋਗੀਆਂ ਨੂੰ ਚੰਗਿਆਂ ਕੀਤਾ'' (ਮੱਤੀ 8:16;ਪੜ੍ਹੋ ਆਇਤਾਂ 14–17; ਮਰਕੁਸ 1:29–34; ਲੂਕਾ 4:38–41)।

ਅਗਲੀ ਸਵੇਰ, ਯਿਸੂ ਇਲਾਕੇ ਵਿੱਚੋਂ ਹੁੰਦਾ ਹੋਇਆ ਪ੍ਰਚਾਰ ਕਰਨ ਲਈ ਨਿਕਲ ਗਿਆ (ਮੱਤੀ 4:23–25; ਮਰਕੁਸ 1:35–39; ਲੂਕਾ 4:42–44)।

> ਯਿਸੂ ਸਾਰੇ ਗਲੀਲ ਵਿਚ ਫਿਰਦਾ ਹੋਇਆ ਉਨ੍ਹਾਂ ਦੀਆਂ ਸਮਾਜਾਂ (ਸਿਨਾਗੋਗਾਂ) ਵਿਚ ਉਪਦੇਸ਼ ਦਿੰਦਾ ਅਤੇ ਰਾਜ ਦੀ ਖ਼ੁਸ਼ਖ਼ਬਰੀ ਦਾ ਪ੍ਰਚਾਰ ਕਰਦਾ ਅਤੇ ਲੋਕਾਂ ਵਿੱਚੋਂ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ ਹਟਾਉਂਦਾ ਸੀ। ... ਵੱਡੀਆਂ ਭੀੜਾਂ ਗਲੀਲ ਅਤੇ ਦਿਕਾਪੁਲਿਸ ਅਤੇ ਯਰੂਸ਼ਲਮ ਅਤੇ ਯਹੂਦੀਆ ਅਤੇ ਯਰਦਨ ਦੇ ਪਾਰੋਂ ਉਹ ਦੇ ਮਗਰ ਲੱਗ ਪਈਆਂ (ਮੱਤੀ 4:23–25)।

ਪ੍ਰਚਾਰ ਦੌਰਾਨ ਯਿਸੂ ਵੱਲੋਂ ਕੀਤਾ ਗਿਆ ਕੋੜ੍ਹੀ ਨੂੰ ਚੰਗਿਆਂ ਕਰਨ ਦਾ ਇਕ ਮੋਅਜਜ਼ਾ ਵੇਰਵੇ ਸਹਿਤ ਲਿਖਿਆ ਗਿਆ ਹੈ (ਮੱਤੀ 8:2–4; ਮਰਕੁਸ 1:40–45; ਲੂਕਾ 5:12–16)। ਯਿਸੂ ਨੇ ਉਸ ਕੋੜ੍ਹੀ ਨੂੰ ਆਖਿਆ ਸੀ ਉਹ ਕਿਸੇ ਨੂੰ ਨਾ ਦੱਸੇ, ਪਰ ਉਸ ਨੇ ਦੱਸ ਦਿੱਤਾ। ਯਿਸੂ ਐਨਾ ਮਸ਼ਹੂਰ ਹੋ ਗਿਆ ਕਿ ਉਹ ''ਫੇਰ ਨਗਰ ਵਿਚ ਖੁੱਲ੍ਹਮ–ਖੁੱਲਾ ਨਾ ਵੜ ਸੱਕਿਆ ... ਅਤੇ ਲੋਕ ਚੁਫ਼ੇਰਿਓਂ ਉਹ ਦੇ ਕੋਲ ਆਉਂਦੇ ਜਾਂਦੇ ਸਨ'' (ਮਰਕੁਸ 1:45)।

ਯਿਸੂ ਕਫ਼ਰਨਾਹੂਮ ਵਿਚ ਪਰਤ ਆਇਆ– ਸੰਭਵ ਹੈ ਕੁਝ ਅਰਾਮ ਕਰਨ ਲਈ, ਪਰ ਅਰਾਮ ਕਰ ਨਹੀਂ ਸਕਿਆ, ਕਿਉਂਕਿ ਉਸੇ ਘਰ ਵਿਚ, ਜਿੱਥੇ ਛੱਤ ਵਿੱਚੋਂ ਦੀ ਲਮਕਾਏ ਬੰਦੇ ਨੂੰ ਯਿਸੂ ਨੇ ਚੰਗਿਆਈ ਦਿੱਤੀ ਸੀ ਬਹੁਤ ਲੋਕ ਜਮ੍ਹਾਂ ਹੋ ਗਏ ਸਨ (ਮੱਤੀ 9:2–8; ਮਰਕੁਸ 2:1–12; ਲੂਕਾ 5:17–26)। ਯਿਸੂ ਨੇ ਉਸ ਨੂੰ ਆਖਿਆ ਸੀ, ''ਮੈਂ ਤੈਨੂੰ ਆਖਦਾ ਹਾਂ, ਉੱਠ, ਆਪਣੀ ਮੰਜੀ ਚੁੱਕ ਕੇ ਘਰ ਚੱਲਿਆ ਜਾਹ'' (ਮਰਕੁਸ 2:11)। ਮਰਕੁਸ ਮੁਤਾਬਕ, ਉਹ ਆਦਮੀ ਉੱਠਿਆ ਅਤੇ ਝੱਟ

ਮੰਜੀ ਚੁੱਕ ਕੇ ਸਭ ਦੇ ਵੇਖਦਿਆਂ ਨਿੱਕਲ ਕੇ ਚਲਿਆ ਗਿਆ, ਜਿਸ ਨਾਲ ਉਹ ਬੜੇ ਹੈਰਾਨ ਹੋਏ, ਅਤੇ ਖ਼ੁਦਾ ਦੀ ਤਾਰੀਫ਼ ਕਰਦਿਆਂ ਆਖਣ ਲੱਗੇ, ''ਅਸੀਂ ਅਜਿਹਾ ਕਦੇ ਨਹੀਂ ਵੇਖਿਆ'' (ਆਇਤ 12)। KJV ਵਿਚ ਸਿਰਫ਼ ਏਨਾ ਹੀ ਆਖਿਆ ਗਿਆ ਹੈ ''ਉਹ ਸਭ ਹੈਰਾਨ ਹੋਏ ਅਤੇ ਪਰਮੇਸ਼ੁਰ ਦੀ ਵਡਿਆਈ ਕਰਨ ਲੱਗੇ।'' ਸਾਡੇ ਇਸ ਪਾਠ ਦਾ ਸਿਰਲੇਖ ਇਸੇ ਆਇਤ ਵਿੱਚੋਂ ਲਿਆ ਗਿਆ ਹੈ।

ਇੰਜੀਲ ਦੇ ਵਿਰਤਾਂਤਾਂ ਦੇ ਆਪਣੇ ਪਾਠ ਨੂੰ ਜਾਰੀ ਰੱਖਦਿਆਂ, ਅਸੀਂ ਯਿਸੂ ਦੇ ਮੋਅਜਜ਼ਿਆਂ, ਬਾਰੇ ਚੰਗਿਆਈ ਦੇ ਮੋਅਜਜ਼ਿਆਂ ਸਣੇ ਪੜ੍ਹਾਂਗੇ। ਉਸ ਦੇ ਮੋਅਜਜ਼ਿਆਂ ਬਾਰੇ ਖ਼ਾਸ ਕਰ ਬੀਮਾਰਾਂ ਨੂੰ ਚੰਗਿਆਂ ਕਰਨ ਤੇ ਕੁਝ ਧਿਆਨ ਦੇਣਾ ਲਾਹੇਵੰਦ ਹੋਵੇਗਾ।

## ਯਿਸੂ ਦੇ ਮੋਅਜਜ਼ਿਆਂ ਦੀ ਤਰਕਸੰਗਿਕਤਾ

ਮੈਂ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਯਿਸੂ ਨੇ ਸਚਮੁਚ ਮੋਅਜਜ਼ੇ ਕੀਤੇ ਸਨ। ਮੋਅਜਜ਼ੇ ਉਵੇਂ ਹੀ ਹੋਏ ਜਿਵੇਂ ਮੱਤੀ, ਮਰਕੁਸ, ਲੂਕਾ, ਯੂਹੰਨਾ ਦੇ ਇੰਜੀਲ ਦੇ ਵੇਰਵਿਆਂ ਵਿਚ ਦਰਜ ਹਨ।

ਬਾਈਬਲ ਅਤੇ ਯਿਸੂ ਦੇ ਖ਼ੁਦਾ ਹੋਣ ਤੇ ਯਕੀਨ ਨਾ ਕਰਨ ਵਾਲੇ ਲੋਕ ਬਾਈਬਲ ਦੇ ਮੋਅਜਜ਼ਿਆਂ ਦਾ ਮਜ਼ਾਕ ਉਡਾਉਂਦੇ ਹਨ। ਉਹ ਪੁੱਛਦੇ ਹਨ ਕਿ ''ਭਲਾ ਤੁਹਾਨੂੰ ਸਚਮੁਚ ਯਕੀਨ ਹੈ ਕਿ ਵ੍ਹੇਲ ਮੱਛੀ ਯੂਨਾਹ ਨੂੰ ਨਿਗਲ ਗਈ ਹੋਵੇਗੀ?'' ''ਕੀ ਤੁਹਾਨੂੰ ਸਚਮੁਚ ਲਗਦਾ ਹੈ ਕਿ ਯਿਸੂ ਨੇ ਕੁਝ ਰੋਟੀਆਂ ਲੈ ਕੇ ਪੰਜ ਹਜ਼ਾਰ ਲੋਕਾਂ ਨੂੰ ਰੱਜ ਕੇ ਖੁਆਇਆ ਹੋਵੇਗਾ?'' ਕੁਝ ਲੋਕਾਂ ਨੇ, ਜੋ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ, ਮੋਅਜਜ਼ਿਆਂ ਦੀ ਕੋਈ ਤਰਕ ਸੰਗਤ ਵਿਆਖਿਆ ਲੱਭਣ ਦੀ ਹੱਦ ਹੀ ਮੁਕਾ ਦਿੱਤੀ ਹੈ: ''ਹਾਂ, ਉਸ ਜ਼ਮਾਨੇ ਦੇ ਲੋਕਾਂ ਨੂੰ ਐਨਾ ਗਿਆਨ ਨਹੀਂ ਸੀ ਕਿ ਜਿੰਨਾਂ ਸਾਨੂੰ ਅੱਜ ਹੈ। ਉਹ ਉਨ੍ਹਾਂ ਨੂੰ ਚਮਤਕਾਰ ਜਾਂ ਮੋਅਜਜ਼ੇ ਆਖਦੇ ਸਨ, ਜੋ ਅਸਲ ਵਿਚ ਮੋਅਜਜ਼ੇ ਨਹੀਂ ਸਨ।''

ਫੇਰ, ਮੈਂ ਇਸ ਗੱਲ ਦੀ ਤਸਦੀਕ ਕਰਦਾ ਹਾਂ ਕਿ *ਯਿਸੂ ਵੱਲੋਂ ਕੀਤੇ ਗਏ ਮੋਅਜਜ਼ੇ ਅਸਲ ਵਿਚ ਉਵੇਂ ਹੀ ਸਨ ਜਿਵੇਂ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਨੇ ਆਪਣੀਆਂ ਕਿਤਾਬਾਂ ਵਿਚ ਦਰਜ ਕੀਤੇ ਹਨ।* ਇਸ ਗੱਲ ਦੇ ਸੱਚੀ ਹੋਣ ਨੂੰ ਮੰਨਣ ਦੇ ਕਈ ਕਾਰਣ ਹਨ। ਮੈਂ ਕੁਝ ਕਾਰਣ ਦੱਸਦਾ ਹਾਂ।

ਮੈਂ ਇਸ ਨੂੰ ਇਸ ਲਈ ਮੰਨਦਾ ਹਾਂ, ਕਿਉਂਕਿ ਮੈਂ ਖ਼ੁਦਾ ਵਿਚ ਯਕੀਨ ਰੱਖਦਾ ਹਾਂ। ਜੇ ਕੋਈ ਖ਼ੁਦਾ ਵਿਚ ਵਿਸ਼ਵਾਸ ਰੱਖਦਾ ਹੈ , ਤਾਂ ਉਸ ਨੂੰ ਮੰਨਣਾ ਚਾਹੀਦਾ ਹੈ ਕਿ ''ਪਰਮੇਸ਼ੁਰ ਕੋਲੋਂ ਸੱਭੋ ਕੁਝ ਹੋ ਸਕਦਾ ਹੈ'' (ਮਰਕੁਸ 10:27)।

ਮੈਂ ਇਸ ਤੇ ਇਸ ਕਰਕੇ ਯਕੀਨ ਕਰਦਾ ਹਾਂ, ਕਿਉਂਕਿ ਮੈਨੂੰ ਬਾਈਬਲ ਤੇ ਯਕੀਨ ਹੈ। ਇਹ ਯਕੀਨ ਕਰਨ ਲਈ ਕਿ ਬਾਈਬਲ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਗਈ ਹੈ, ਸਾਡੇ ਕੋਲ ਵਧੀਆ ਕਾਰਣ ਹੈ (2 ਤਿਮੋਥਿਉਸ 3:16)। ਸਦੀਆਂ ਤੋਂ, ਇਸ ਨੇ ਆਪਣੇ ਆਪ ਨੂੰ ਭਰੋਸੇਯੋਗ ਕਿਤਾਬ ਦੇ ਰੂਪ ਵਿਚ ਸਾਬਤ ਕੀਤਾ ਹੈ ਜਿਸ ਦੇ ਭਰੋਸੇ ਅਸੀਂ ਆਪਣੀਆਂ ਜ਼ਿੰਦਗੀਆਂ ਨੂੰ ਛੱਡ ਸਕਦੇ ਹਾਂ। ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਗਈ ਇਹ ਬਾਈਬਲ ਸਾਨੂੰ ਯਿਸੂ ਦੇ ਮੋਅਜਜ਼ਿਆਂ ਬਾਰੇ ਦੱਸਦੀ ਹੈ।

ਮੇਰੇ ਵਿਸ਼ਵਾਸ ਦਾ ਅਗਲਾ ਕਾਰਣ ਇਸ ਨਾਲ ਬਹੁਤ ਮਿਲਦਾ ਜੁਲਦਾ ਹੈ: ਮੈਂ ਇਸ ਨੂੰ ਇਸ ਲਈ ਸੱਚ ਮੰਨਦਾ ਹਾਂ, ਯਿਸੂ ਦੇ ਮੋਅਜਜ਼ੇ ਭਰੋਸੇਮੰਦ ਗਵਾਹਾਂ ਰਾਹੀਂ ਲਿਖੇ ਗਏ ਸਨ। ਜਿਸ ਤਰ੍ਹਾਂ ਅਤੇ ਜਿਸ ਵਕਤ ਉਨ੍ਹਾਂ ਨੂੰ ਲਿਖਿਆ ਗਿਆ ਸੀ, ਉਸ ਤੇ ਇਸ ਹਕੀਕਤ ਤੇ ਧਿਆਨ ਦਿੱਤਾ ਜਾਂਦਾ ਹੈ ਕਿ ਉਹ ਵਿਵੇਕੀ ਲੋਕਾਂ ਰਾਹੀਂ ਲਿਖੇ ਗਏ, ਨਾ ਕਿ ਉਨ੍ਹਾ ਰਾਹੀਂ ਜਿਨ੍ਹਾਂ ਨੂੰ ਪਤਾ ਨਾ ਹੋਵੇ ਕਿ ਅਸਲ ਵਿਚ ਕੀ ਹੋਇਆ। ਯਕੀਨਨ ਹੀ ਨਾ ਅਜਿਹੇ ਲੋਕਾਂ ਦੁਆਰਾ ਲਿਖੇ ਗਏ ਜਿਨ੍ਹਾਂ ਦੀ ਮੰਸ਼ਾ ਲੋਕਾਂ ਨੂੰ ਗੁਮਰਾਹ ਕਰਨ ਦੀ ਰਹੀ ਹੋਵੇ।

ਮੈਂ ਇਸ ਨੂੰ ਇਸ ਕਰਕੇ ਮੰਨਦਾ ਹਾਂ, ਕਿਉਂਕਿ ਯਿਸੂ ਦੇ ਮੋਅਜਜ਼ੇ ਉਸ ਦੇ ਦਾਅਵਿਆਂ ਨੂੰ ਸਾਬਤ ਕਰਦੇ ਹਨ। ਯਿਸੂ ਨੇ ਖ਼ੁਦਾ ਦਾ ਪੁੱਤਰ, ਮਸੀਹਾ, ਜਗਤ ਦਾ ਚਾਨਣ, ਜ਼ਿੰਦਗੀ ਦੀ ਰੋਟੀ ਅਤੇ ਪਾਪ

ਮਾਫ਼ ਕਰਨ ਵਾਲਾ ਹੋਣ ਦਾ ਦਾਅਵਾ ਕੀਤਾ। ਉਹ ਦਾਅਵੇ ਹੱਦ ਨਾਲੋਂ ਵੱਧ ਸਨ! ਅਜਿਹੇ ਦਾਅਵੇ ਕਰਨ ਵਾਲਾ ਜਾਂ ਤਾਂ ਉਨ੍ਹਾਂ ਨੂੰ ਸਾਬਤ ਕਰੇ ਨਹੀਂ ਤਾਂ ਝੂਠਾ ਠਹਿਰੇਗਾ। ਕਿਸੇ ਨੇ ਆਖਿਆ ਹੈ ਕਿ ਯਿਸੂ ਜਾਂ ਤਾਂ ਝੂਠਾ ਸੀ, ਜਾਂ ਸਨਕੀ ਜਾਂ ਇਹ ਸਚਮੁਚ ਵਿਚ ਪ੍ਰਭੂ। ਇਨ੍ਹਾਂ ਵਿੱਚੋਂ ਸਿਰਫ਼ ਇੱਕੋ ਗੱਲ ਸਹੀ ਹੈ। ਜੇ ਕੋਈ ਯਿਸੂ ਨੂੰ ਝੂਠਾ ਜਾਂ ਸਨਕੀ ਕਹਿਣਾ ਨਹੀਂ ਚਾਹੁੰਦਾ ਤਾਂ ਫਿਰ ਉਸ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਉਹ ਪ੍ਰਭੂ ਹੈ– ਅਤੇ ਮੋਅਜਜ਼ੇ ਕਰਨ ਦੀ ਉਸ ਦੀ ਕਾਬਲੀਅਤ ਪ੍ਰਭੂ ਹੋਣ ਦੇ ਉਸ ਦੇ ਰੁਤਬੇ ਨਾਲ ਮੇਲ ਖਾਂਦੀ ਹੈ।

ਮੈਂ ਇਸ ਲਈ ਇਹਨੂੰ ਸੱਚ ਮੰਨਦਾ ਹਾਂ, ਕਿਉਂਕਿ ਯਿਸੂ ਅਤੇ ਉਸਦੇ ਪ੍ਰਭਾਵ ਬਾਰੇ ਉਸ ਦੇ ਮੋਅਜਜ਼ੇ ਬਾਰੇ ਦੱਸੇ ਬਗ਼ੈਰ ਹੋਰ ਕੋਈ ਢੰਗ ਹੀ ਨਹੀਂ ਹੈ। ਜਦ ਮੈਂ ACU ਦਾ ਵਿਦਿਆਰਥੀ ਸਾਂ,[2] ਤਾਂ ਕੁਝ ਧਰਮ ਪੰਡਿਤ (ਥਿਓਲੋਜੀਅਨ) ਇਕ ਕੰਮ ਕਰ ਰਹੇ ਸਨ, ਜਿਸ ਨੂੰ ਉਹ ''ਇਤਿਹਾਸਕ ਯਿਸੂ ਦੀ ਖੋਜ'' ਆਖਦੇ ਸਨ। ਉਹ ਮੋਅਜਜ਼ਿਆਂ ਤੇ ਯਕੀਨ ਨਹੀਂ ਕਰਦੇ ਸਨ– ਉਨ੍ਹਾਂ ਮੁਤਾਬਕ, ''ਮੋਅਜਜ਼ੇ'' ਅੰਧਵਿਸ਼ਵਾਸ ਭਰੀ ਮੂਰਖਤਾ ਹੈ– ਇਸ ਲਈ ਉਹ ''ਅਸਲੀ ਯਿਸੂ'' ਜਿਹੜਾ ਧਰਤੀ ਤੇ ਚੱਲਿਆ ਫਿਰਿਆ, ਨੂੰ ਢੂੰਡਣ ਲਈ ਯਿਸੂ ਦੀ ਕਹਾਣੀ ਵਿੱਚੋਂ ਮੋਅਜਜ਼ਿਆਂ ਨੂੰ ਕੱਢਣ ਦੀ ਕੋਸ਼ਿਸ਼ ਕਰ ਰਹੇ ਸਨ। ਅਖ਼ੀਰ ਵਿਚ ਉਨ੍ਹਾਂ ਨੂੰ ਇਕ ਅਗਿਆਤ ਜਿਹਾ, ਅਨਪੜ੍ਹ ਦਾਰਸ਼ਨਿਕ ਮਿਲਿਆ, ਜਿਹੜਾ ਦੁਨੀਆਂ ਦੀ ਇਕ ਗੁੰਮਨਾਮ ਨੁੱਕਰ ਵਿਚ ਰਹਿੰਦਾ ਸੀ। ਕਿਸੇ ਨੇ ਆਖਿਆ ਕਿ ਜੇ *ਇਹ* ''ਯਿਸੂ'' ਦੁਨੀਆ ਦਾ ਇਤਿਹਾਸ ਬਦਲ ਸਕਦਾ ਹੈ ਤਾਂ ਇਹ ਨਵੇਂ ਨੇਮ ਵਾਲੇ ਯਿਸੂ ਦੇ ਸਭ ਕੰਮਾਂ ਨਾਲੋਂ ਵੱਡਾ ਮੋਅਜਜ਼ਾ ਹੋਵੇਗਾ! ਮੇਰੇ ਇਕ ਗੁਰੂ, ਜੇ. ਡੀ. ਥੌਮਸ ਨੇ ਇਨ੍ਹਾਂ ਵਿਦਵਾਨਾ ਦੇ ਉਪਰਾਲਿਆਂ ਨੂੰ ਪਿਆਜ਼ ਦੀ ਗੁਠਲੀ ਕੱਢਣ ਲਈ ਉਸ ਨੂੰ ਛਿੱਲਣ ਦੀ ਕੋਸ਼ਿਸ਼ ਕਰਨ ਨਾਲ ਮਿਲਾਇਆ। ਪਿਆਜ਼ ਨੂੰ ਛਿੱਲ ਦੇਣ ਦੇ ਬਾਅਦ ਉਸ ਵਿਚ ਕੁਝ ਨਹੀਂ ਬਚਦਾ। ਯਿਸੂ ਦੇ ਮੋਅਜਜ਼ਿਆਂ ਨੂੰ ਕੱਢ ਕੇ ਉਸ ਬਾਰੇ ਅਤੇ ਉਸ ਦੇ ਪ੍ਰਭਾਵ ਬਾਰੇ ਕੁਝ ਨਹੀਂ ਦੱਸਿਆ ਜਾ ਸਕਦਾ।

ਮੇਰਾ ਮੰਨਣਾ ਹੈ ਕਿ ਯਿਸੂ ਦੇ ਮੋਅਜਜ਼ੇ ਸਚਮੁਚ ਉਵੇਂ ਹੀ ਹੋਏ ਜਿਵੇਂ ਇੰਜੀਲ ਦੇ ਵਿਰਤਾਂਤਾਂ ਵਿਚ ਦਿੱਤੇ ਗਏ ਸਨ, ਕਿਉਂਕਿ ਯਿਸੂ ਦੇ ਦੁਸ਼ਮਣ ਵੀ ਇਸ ਗੱਲ ਤੋਂ ਇਨਕਾਰ ਨਹੀਂ ਸਨ ਕਰ ਸਕਦੇ ਕਿ ਉਸ ਨੇ ਮੋਅਜਜ਼ੇ ਕੀਤੇ ਹਨ। ਇਸ ਹਫ਼ਤੇ ਦੇ ਸਾਡੇ ਬਾਈਬਲ ਪਾਠ ਵਿਚ, ਯਿਸੂ ਵੱਲੋਂ ਅਧਰੰਗੀ ਨੂੰ ਚੰਗਿਆਂ ਕਰਨ ਵੇਲੇ ਉਸ ਦੇ ਅਲੋਚਕ ਉੱਥੇ ਹੀ ਸਨ। ਯਿਸੂ ਨੇ ਉਨ੍ਹਾਂ ਨੂੰ ਇਕ ਚੁਣੌਤੀ ਦਿੱਤੀ: ''ਪਰ ਇਸ ਲਈ ਜੋ ਤੁਸੀਂ ਜਾਣੋ ਕਿ ਮਨੁੱਖ ਦੇ ਪੁੱਤਰ ਨੂੰ ਧਰਤੀ ਉੱਤੇ ਪਾਪ ਮਾਫ਼ ਕਰਨ ਦਾ ਇਖ਼ਤਿਆਰ ਹੈ ਉਹ ਨੇ ਅਧਰੰਗੀ ਨੂੰ ਆਖਿਆ, ਮੈਂ ਤੈਨੂੰ ਆਖਦਾ ਹਾਂ, ਉੱਠ, ਆਪਣੀ ਮੰਜੀ ਚੁੱਕ ਕੇ ਘਰ ਚਲਿਆ ਜਾਹ'' (ਮਰਕੁਸ 2: 10, 11)। ਉਸ ਦੇ ਅਲੋਚਕ ਇਸ ਤੋਂ ਮੁੱਕਰ ਨਹੀਂ ਸਕੇ ਕਿ ਉਹ ਆਦਮੀ ਉੱਠ ਕੇ ਚਲਿਆ ਗਿਆ ਸੀ।

ਯੂਹੰਨਾ 9 ਅਧਿਆਇ ਵਿਚ, ਅਸੀਂ ਜਮਾਂਦਰੂ ਅੰਨ੍ਹੇ ਨੂੰ ਚੰਗਿਆਂ ਕਰਨ ਬਾਰੇ ਪੜ੍ਹਾਂਗੇ। ਯਿਸੂ ਦੇ ਦੁਸ਼ਮਣ ਇਸ ਤੋਂ ਖੁਸ਼ ਨਹੀਂ ਸਨ ਅਤੇ ਉਨ੍ਹਾਂ ਯਿਸੂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਕ ਗੱਲ, ਜੋ ਉਹ ਨਹੀਂ ਕਰ ਸਕੇ, ਉਹ ਇਹ ਸੀ ਕਿ ਉਨ੍ਹਾਂ ਮੋਅਜਜ਼ੇ ਦੇ ਹੋਣ ਦਾ ਇਨਕਾਰ ਨਹੀਂ ਕੀਤਾ ਸੀ (ਆਇਤ 16)।

ਯੂਹੰਨਾ 11 ਅਧਿਆਇ ਵਿਚ ਅਸੀਂ ਲਾਜ਼ਰ ਦੇ ਜ਼ਿੰਦਾ ਕੀਤੇ ਜਾਣ ਬਾਰੇ ਪੜ੍ਹਾਂਗੇ। ਧਿਆਨ ਦਿਓ ਕਿ ਯਿਸੂ ਦੇ ਦੁਸ਼ਮਣਾਂ ਨੇ ਆਖਿਆ: ''ਅਸੀਂ ਕਰਦੇ ਕੀ ਹਾਂ? ਕਿਉਂ ਜੋ ਇਹ ਮਨੁੱਖ ਬਹੁਤ ਨਿਸ਼ਾਨ ਵਿਖਾਉਂਦਾ ਹੈ'' (ਆਇਤ 47)।

ਪੈਂਟੀਕਾਸਟ ਵਾਲੇ ਦਿਨ, ਪਤਰਸ ਨੇ ਆਪਣੇ ਸਾਥੀ ਯਹੂਦੀਆਂ ਨੂੰ ਯਿਸੂ ਦਾ ਪ੍ਰਚਾਰ ਕਰਦਿਆਂ ਆਖਿਆ, ''ਯਿਸੂ ਨਾਸਰੀ ਇਕ ਮਨੁੱਖ ਸੀ ਜਿਸ ਦੇ ਸੱਚ ਹੋਣ ਦਾ ਸਬੂਤ ਖ਼ੁਦਾ ਦੀ ਵੱਲੋਂ ਉਨ੍ਹਾਂ ਕਰਾਮਾਤਾਂ ਅਤੇ ਅਚੰਭਿਆਂ ਅਤੇ ਨਿਸ਼ਾਨਾਂ ਨਾਲ ਤੁਹਾਨੂੰ ਦਿੱਤਾ ਗਿਆ ਜੋ ਖ਼ੁਦਾ ਨੇ ਉਹਦੇ ਹੱਥੀਂ

ਤੁਹਾਨੂੰ ਵਿਖਾਏ, *ਜਿਹਾ ਤੁਸੀਂ ਆਪ ਜਾਣਦੇ ਹੋ'*' (ਰਸੂਲਾਂ ਦੇ ਕੰਮ 2:22)। ਕਿਸੇ ਨੇ ਉਸ ਨੂੰ ਰੋਕ ਕੇ ਰੌਲਾ ਨਹੀਂ ਪਾਇਆ ਕਿ ''ਨਹੀਂ, ਉਸ ਨੇ ਨਹੀਂ ਵਿਖਾਏ!''

ਬਾਈਬਲ ਦੇ ਸਮਿਆਂ ਵਿਚ ਇਹ ਸਿਰਫ਼ ਸੱਚ ਹੀ ਨਹੀਂ ਸੀ ਕਿ ਲੋਕ ਇਹ ਇਨਕਾਰ ਨਹੀਂ ਕਰ ਸਕੇ ਕਿ ਯਿਸੂ ਨੇ ਮੋਅਜਜ਼ੇ ਕੀਤੇ ਸਨ। ਮਸੀਹੀਅਤ ਦੇ ਅਰੰਭਿਕ ਦਿਨਾਂ ਵਿਚ ਅਜਿਹੇ ਲੋਕ ਉੱਠੇ ਜਿਨ੍ਹਾਂ ਨੇ ਮਸੀਹੀਅਤ ਨੂੰ ਨਾਸ ਕਰਨ ਦਾ ਉਪਰਾਲਾ ਕਰਦਿਆਂ ਕਿਤਾਬਾਂ ਲਿਖੀਆਂ। ਸੈਲਸਸ, ਹਿਅਰੋਕਲਸ, ਅਤੇ ਬੇਦੀਨ ਹੋ ਜਾਣ ਵਾਲਾ ਜੂਲੀਅਨ ਉਨ੍ਹਾਂ ਵਿੱਚੋਂ ਹੀ ਸਨ। ਸ਼ਾਇਦ ਹੀ ਕੋਈ ਅਪਵਾਦ ਹੋਵੇ ਜਿਸ ਵਿਚ ਇਹ ਆਖਿਆ ਗਿਆ ਹੋਵੇ ਕਿ ਇਨ੍ਹਾਂ ਲੋਕਾਂ ਯਿਸੂ ਵੱਲੋਂ ਕੀਤੇ ਮੋਅਜਜ਼ਿਆਂ ਦਾ ਇਨਕਾਰ ਕੀਤਾ।

ਇਸ ਦੇ ਇਲਾਵਾ ਮੇਰਾ ਮੰਨਣਾ ਹੈ ਕਿ ਯਿਸੂ ਦੇ ਮੋਅਜਜ਼ੇ ਪ੍ਰਮਾਣਕ ਹਨ, ਕਿਉਂਕਿ ਅੱਜ ਵੀ ਅਸੀਂ ਉਨ੍ਹਾਂ ਵਿਚ ਕਮੀ ਨਹੀਂ ਲੱਭ ਸਕਦੇ। ਕਈ ਵਾਰ ਕੋਈ ਆਖਦਾ ਹੈ, ''ਇਹ ਸਹੀ ਹੈ ਕਿ ਉਨ੍ਹਾਂ ਨੂੰ ਲਗਦਾ ਸੀ ਕਿ ਯਿਸੂ ਮੋਅਜਜ਼ੇ ਕਰ ਰਿਹਾ ਸੀ, ਪਰ ਮੋਅਜਜ਼ੇ ਕਰਨ ਦਾ ਦਾਅਵਾ ਕਰਨ ਵਾਲੇ ਸ਼ਮਊਨ ਜਾਦੂਗਰ ਵਰਗੇ ਅਜਿਹੇ ਹੋਰ ਕਈ ਲੋਕ ਵੀ ਸਨ, ਅਤੇ ਲੋਕਾਂ ਨੂੰ ਲਗਦਾ ਸੀ ਕਿ *ਉਹ* ਮੋਅਜਜ਼ਾ ਕਰਨ ਵਾਲੇ ਹਨ। ਯਿਸੂ ਸਿਰਫ਼ ਲੋਕਾਂ ਨੂੰ ਗੁਮਰਾਹ ਕਰਦਾ ਸੀ।'' ਇਸ ਦਲੀਲ ਵਿਚ ਕੁਝ ਵਜ਼ਨ ਹੋ ਸਕਦਾ ਹੈ, ਜੇ ਇਹ ਤੱਥ ਸਹੀ ਨਾ ਹੁੰਦੇ। ਉਹੀ ਜੋ ਲੋਕਾਂ ਨੂੰ ਗੁਮਰਾਹ ਕਰ ਰਹੇ ਸਨ, ਜਿਨ੍ਹਾਂ ਨੂੰ ਪਤਾ ਸੀ ਕਿ ਲੋਕਾਂ ਨੂੰ ਕਿਵੇਂ ਬੇਵਕੂਫ਼ ਬਣਾਉਣਾ ਹੈ ਅਤੇ ਉਨ੍ਹਾਂ ਨੂੰ ਆਪਣੇ ਮਗਰ ਕਿਵੇਂ ਲਾਉਣਾ ਹੈ, ਯਿਸੂ ਅਤੇ ਉਸਦੇ ਮੋਅਜਜ਼ਿਆਂ ਤੋਂ ਪ੍ਰਭਾਵਿਤ ਸਨ। ਰਸੂਲਾਂ ਦੇ ਕੰਮ 8 ਅਧਿਆਇ ਵਿਚ ਸ਼ਮਊਨ ਜਾਦੂਗਰ ਦੀ ਕਹਾਣੀ ਤੇ ਧਿਆਨ ਕਰੋ। ਯਹੂਦਾ ਤੇ ਵੀ ਵਿਚਾਰ ਕਰੋ। ਯਹੂਦਾ ਨੂੰ ਸਭ ਪਤਾ ਸੀ ਕਿ ਯਿਸੂ ਕੀ ਕਰਦਾ ਹੈ। ਜੇ ਯਿਸੂ ਭੀੜ ਨੂੰ ਉੱਲੂ ਬਣਾ ਰਿਹਾ ਹੁੰਦਾ, ਤਾਂ ਯਹੂਦਾ ਨੂੰ ਯਕੀਨਨ ਹੀ ਇਸ ਦਾ ਪਤਾ ਹੋਵੇਗਾ। ਪਰ ਜਦ ਯਿਸੂ ਨੂੰ ਫੜਵਾਉਣ ਦਾ ਫ਼ੈਸਲਾ ਕਰਨ ਤੇ ਯਹੂਦਾ ਯਿਸੂ ਦੇ ਦੁਸ਼ਮਣਾਂ ਨੂੰ ਅਜਿਹੀ ਕੋਈ ਗੱਲ ਨਹੀਂ ਦੱਸ ਸਕਿਆ, ਜਿਸ ਦੀ ਵਰਤੋਂ ਉਹ ਮੁਕੱਦਮੇ ਵਿਚ ਕਰ ਸਕਦੇ। ਉਹ ਉਨ੍ਹਾਂ ਨੂੰ ਸਿਰਫ਼ ਇਹੀ ਦੱਸ ਸਕਿਆ ਕਿ ਯਿਸੂ ਕਿੱਥੇ ਮਿਲੇਗਾ, ਤਾਂ ਜੋ ਉਹ ਉਸ ਨੂੰ ਫੜ੍ਹ ਸਕਣ।

ਕੁਝ ਲੋਕਾਂ ਨੇ ਵਿਰੋਧ ਕੀਤਾ ਹੈ, ''ਠੀਕ ਹੈ, ਉਹ ਵੇਰਵੇ ਮੰਨਣਯੋਗ ਹੋਣ ਤਾਂ ਵੀ, ਜੇ ਇਹ ਗੱਲਾਂ ਉਵੇਂ ਹੀ ਹੋਈਆਂ, ਤਾਂ ਜਿਨ੍ਹਾਂ ਉਹਨੂੰ ਲਿਖਿਆ ਉਨ੍ਹਾਂ ਨੂੰ *ਸਮਝ* ਨਹੀਂ ਸੀ ਕਿ ਕੀ ਹੋ ਰਿਹਾ ਹੈ। ਉਨ੍ਹਾਂ ਨੂੰ ਮਨੋਵਿਗਿਆਨਕ ਰੋਗ ਦਾ ਪਤਾ ਨਹੀਂ ਸੀ। ਅੱਜ ਅਸੀਂ ਜਾਣਦੇ ਹਾਂ ਕਿ ਜਿਸਮਾਨੀ ਤਕਲੀਫ਼ਾਂ ਨਾਲੋਂ ਲੋਕਾਂ ਦੀਆਂ 80 ਫ਼ੀਸਦੀ ਬੀਮਾਰੀਆਂ ਉਨ੍ਹਾਂ ਦੇ ਦਿਮਾਗ਼ ਵਿਚ ਹੁੰਦੀਆਂ ਹਨ। ਇਸੇ ਲਈ ਯਿਸੂ ਨੇ ਉਨ੍ਹਾਂ ਨੂੰ ਚੰਗਾ ਕਰ ਦਿੱਤਾ ਸੀ।''

ਮੈਂ ਮੁੱਕਰਦਾ ਨਹੀਂ ਕਿ ਬਹੁਤ ਸਾਰੀਆਂ ਬੀਮਾਰੀਆਂ ਦਿਮਾਗ਼ੀ ਹੁੰਦੀਆਂ ਹਨ, ਪਰ ਯਿਸੂ ਦੇ ਮੋਅਜਜ਼ਿਆਂ ਦੇ ਸੰਦਰਭ ਵਿਚ ਇਹ ਗੱਲ ਨਹੀਂ ਕਹੀ ਜਾ ਸਕਦੀ: ਕੋੜ੍ਹੇ ਦੀ ਚੰਗਿਆਈ ਦਾ ਮਨ ਜਾਂ ਦਿਮਾਗ਼ ਨਾਲ ਕੋਈ ਸਬੰਧ ਨਹੀਂ ਹੈ। ਸੁੱਕੇ ਅੰਗਾਂ ਦੇ ਹਰੇ ਹੋ ਜਾਣ ਨੂੰ ਵੀ ਦਿਮਾਗ਼ੀ ਨਹੀਂ ਆਖਿਆ ਜਾ ਸਕਦਾ ਹੈ। ਜਮਾਂਦਰੂ ਅੰਨ੍ਹੇ ਦੀ ਬੀਮਾਰੀ ਵੀ ਦਿਮਾਗ਼ੀ ਨਹੀਂ ਹੋ ਸਕਦੀ। ਅੰਨ੍ਹਾ ਜੰਮਿਆ ਇਹ ਆਦਮੀ ਬਾਅਦ ਵਿਚ ਦਿਮਾਗ਼ੀ ਤੌਰ ਤੇ ਅੰਨ੍ਹਾ ਨਹੀਂ ਹੋਇਆ ਸੀ। ਕਿਉਂਕਿ ਉਹ ਤਾਂ *ਜਮਾਂਦਰੂ* ਅੰਨ੍ਹਾ ਸੀ। ਤਿੰਨ ਦਿਨਾਂ ਦੇ ਮੁਰਦੇ ਅਤੇ ਬਦਬੂ ਛੱਡੇ ਲਾਜ਼ਰ ਨੂੰ ਯਿਸੂ ਵੱਲੋਂ ਜ਼ਿੰਦਾ ਕਰਨ ਨੂੰ ਕੀ ਆਖਿਆ ਜਾਵੇ? (ਯੂਹੰਨਾ 11)। ਭਲਾ ਲਾਜ਼ਰ ਨੂੰ *ਲੱਗਾ* ਕਿ ਉਹ ਤਿੰਨ ਦਿਨਾਂ ਤੋਂ ਮੁਰਦਾ ਸੀ?

ਯਿਸੂ ਨੇ ਬਹੁਤ ਸਾਰੇ ਮੋਅਜਜ਼ੇ ਲੋਕਾਂ ਦੀ ਭੀੜ ਦੇ ਸਾਹਮਣੇ ਕੀਤੇ ਸਨ। ਉਹ ਮੋਅਜਜ਼ੇ ਬੇਵਿਸ਼ਵਾਸੀਆਂ ਦੇ ਸਾਹਮਣੇ ਹੋਏ। ਕਾਫ਼ੀ ਸਮੇਂ ਤਕ ਉਹਦੇ ਮੋਅਜਜ਼ੇ ਹੁੰਦੇ ਰਹੇ, ਜਿਸ ਵਿਚ ਉਹਦੀ ਸਮਰੱਥਾ ਵੱਖ ਵੱਖ ਗੱਲਾਂ ਵਿਚ ਵਿਖਾਈ ਗਈ: ਕੁਦਰਤ ਉੱਤੇ ਸ਼ਕਤੀ, ਬੀਮਾਰੀਆਂ ਉੱਤੇ ਕਾਬੂ, ਬਦਰੂਹਾਂ ਉੱਤੇ ਕਾਬੂ, ਅਲੌਕਿਕ ਗਿਆਨ ਉੱਤੇ ਸ਼ਕਤੀ, ਸਰਿਸ਼ਟ ਨਾਲ ਜੁੜੀਆਂ ਗੱਲਾਂ ਅਤੇ ਸ਼ਕਤੀ ਅਤੇ ਮੌਤ ਉੱਤੇ ਫ਼ਤਹਿ। ਇਨ੍ਹਾਂ ਵਿਚ ਕੋਈ ਕਮੀ ਨਹੀਂ ਕੱਢੀ ਜਾ ਸਕਦੀ।

ਯਿਸੂ ਨੇ ਸਚਮੁਚ ...

... ਕਫ਼ਰਨਾਹੂਮ ਦੀ ਸਮਾਜ ਵਿਚ ਇਕ ਅਧਰੰਗੀ ਨੂੰ ਚੰਗਿਆਂ ਕੀਤਾ।

... ਪਤਰਸ ਦੀ ਸੱਸ ਨੂੰ ਚੰਗਿਆਂ ਕੀਤਾ।

... ਕਫ਼ਰਨਾਹੂਮ ਵਿਚ ਅਤੇ ਗਲੀਲ ਵਿਚ ਆਪਣੇ ਕੋਲ ਆਉਣ ਵਾਲੇ ਸਭ ਲੋਕਾਂ ਨੂੰ ਚੰਗਿਆਂ ਕੀਤਾ।

... ਕੋੜ੍ਹ ਨਾਲ ਭਰੇ ਇਕ ਬੰਦੇ ਨੂੰ ਠੀਕ ਕੀਤਾ।

... ਕਫ਼ਰਨਾਹੂਮ ਵਿਚ ਛੱਤ ਵਿੱਚੋਂ ਦੀ ਲਾਹੇ ਬੰਦੇ ਨੂੰ ਚੰਗਿਆਂ ਕੀਤਾ।

## ਯਿਸੂ ਦੇ ਮੋਅਜਜ਼ਿਆਂ ਦੀ ਹਕੀਕਤ

ਬਾਕੀ ਅਧਿਐਨ ਵਿਚ, ਅਸੀਂ ਯਿਸੂ ਦੇ ਮੋਅਜਜ਼ਿਆਂ, ਖ਼ਾਸ ਕਰ ਉਹਦੇ ਵੱਲੋਂ ਕੀਤੀਆਂ ਚੰਗਿਆਈਆਂ ਤੇ ਧਿਆਨ ਨਾਲ ਗੌਰ ਕਰਾਂਗੇ। ਅੱਗੇ ਅਜਿਹੇ ਮੋਅਜਜ਼ੇ ਸਾਨੂੰ ਬਾਰ ਬਾਰ ਵਿਖਣਗੇ।

### ਯਿਸੂ ਦੇ ਉਦੋਂ ਦੇ ਮੋਅਜਜ਼ੇ

ਅੱਜ ਅਸੀਂ '' ਮੋਅਜਜ਼ਾ'' ਸ਼ਬਦ ਦੀ ਵਰਤੋਂ ਬੜੀ ਲਾਪਰਵਾਹੀ ਨਾਲ ਕਰ ਦਿੰਦੇ ਹਾਂ। ਅਸੀਂ ''ਜਨਮ ਦਾ ਮੋਅਜਜ਼ਾ'' ਆਖਦੇ ਹਾਂ। ''ਜੇ ਮੈਂ ਇਮਤਿਹਾਨ ਵਿਚ ਪਾਸ ਹੋ ਜਾਵਾਂ, ਤਾਂ ਇਹ ਮੋਅਜਜ਼ਾ ਹੋਵੇਗਾ'' ਜਾਂ ''ਜੇ ਇਸ ਸਾਲ ਮੈਨੂੰ ਕੋਈ ਅਲਸਰ ਨਹੀਂ ਹੁੰਦਾ, ਤਾਂ ਇਹ ਇਕ ਬੜਾ ਵਧੀਆ ਮੋਅਜਜ਼ਾ ਹੋਵੇਗਾ।'' ਪਰ ਬਾਈਬਲ ਮੁਤਾਬਕ, ਬਾਈਬਲ ਵਿਚ ''ਮੋਅਜਜ਼ਾ'' ਸ਼ਬਦ ਦੀ ਵਰਤੋਂ ਦਾ ਇਕ ਖ਼ਾਸ ਮਤਲਬ ਹੈ। ਇਹ ਹਰ ਰੋਜ਼ ਹੋਣ ਵਾਲੀ ਗੱਲ ਨਹੀਂ ਸੀ। ਇਹ ਕੁਦਰਤ ਦੇ ਨਿਅਮ ਜਾਂ ਮਨੁੱਖੀ ਕੋਸ਼ਿਸ਼ ਨਾਲ ਨਹੀਂ ਸੀ। ਇਹ ਅਲੌਕਿਕ ਸੀ, ਕਿਉਂਕਿ ਉਸ ਵਕਤ ਕੁਦਰਤ ਦੇ ਨਿਅਮ ਇਕ ਪਾਸੇ ਰੱਖ ਦਿੱਤੇ ਗਏ ਅਤੇ ਅਲੌਕਿਕ ਨਿਅਮਾਂ ਦਾ ਬੋਲ ਬਾਲਾ ਸੀ, ਬਲਕਿ ਉਸ ਨਾਲੋਂ ਵੀ ਵਧਕੇ ਸੀ। ਇਹ ਕੁਦਰਤੀ ਸੰਸਾਰ ਵਿਚ ਅਜਿਹੇ ਢੰਗ ਨਾਲ ਅਲੌਕਿਕ ਕਾਰਜ ਸੀ ਕਿ ਸਭ ਲੋਕ ਵੇਖ ਅਤੇ ਮੰਨ ਸਕਦੇ ਸਨ ਕਿ ਮੋਅਜਜ਼ਾ ਹੋਇਆ ਹੈ।

ਇਹ ਵਿਖਾਉਣ ਲਈ ਕਿ ਅਸੀਂ ਕੀ ਗੱਲ ਕਰ ਰਹੇ ਹਾਂ, ਇਸ ਹਫ਼ਤੇ ਦੇ ਬਾਈਬਲ ਪਾਠ ਵਿੱਚੋਂ ਚੰਗਿਆਈ ਦੀਆਂ ਉਦਾਹਰਨਾਂ ਵਰਤਦੇ ਹਾਂ। ਇਨ੍ਹਾਂ ਉਦਾਹਰਨਾਂ ਵਿਚ ਯਿਸੂ ਦੀ ਚੰਗਿਆਈ ਦੇ ਤੱਥ ਮਿਲ ਸਕਦੇ ਹਨ।

ਪਹਿਲਾਂ, ਧਿਆਨ ਦਿਓ ਕਿ ਯਿਸੂ ਸਿਰਫ਼ ਮੋਅਜਜ਼ੇ ਹੀ ਨਹੀਂ ਕਰ ਸਕਦਾ ਸੀ। ਉਸ ਨੂੰ ''ਬਿਨਾਂ ਨਾਪੇ'' ਜਾਂ ਹੱਦ ਦੇ ਆਤਮਾ ਮਿਲਿਆ ਸੀ (ਯੂਹੰਨਾ 3:34)।

ਉਹ ਦੂਜੇ ਦੇ ਵਿਸ਼ਵਾਸ ਨਾਲ ਸੀਮਤ ਨਹੀਂ ਕੀਤਾ ਗਿਆ ਸੀ। ਕਈ ਵਾਰ ਚੰਗਿਆਈ ਪਾਉਣ ਵਾਲੇ ਦਾ ਵਿਸ਼ਵਾਸ ਹੁੰਦਾ ਸੀ, ਜਿਵੇਂ ਕੋੜ੍ਹੀ ਦੇ ਮਾਮਲੇ ਵਿਚ (ਮੱਤੀ 8:2)। ਪਰ ਕਈ ਵਾਰ ਇਸ ਦਾ ਕੋਈ ਸੰਕੇਤ ਨਹੀਂ ਮਿਲਦਾ ਸੀ ਕਿ ਚੰਗਿਆਈ ਪਾਉਣ ਵਾਲੇ ਦਾ ਵਿਸ਼ਵਾਸ ਸੀ। ਉਦਾਹਰਨ ਵੱਜੋਂ ਛੱਤ ਵਿੱਚੋਂ ਦੀ ਲਾਹੇ ਜਾਣ ਵਾਲੇ ਆਦਮੀ ਦੀ ਚੰਗਿਆਈ ਦੇ ਮਾਮਲੇ ਵਿਚ, ਯਿਸੂ ਨੇ ਉਸ ਬੀਮਾਰ ਬੰਦੇ ਦਾ ਨਹੀਂ, ਬਲਕਿ ਉਹਦੇ ਚਾਰ ਦੋਸਤਾਂ ਦਾ ਵਿਸ਼ਵਾਸ ਵੇਖਿਆ (ਮੱਤੀ 9:2; ਮਰਕੁਸ 2:5)। ਯਿਸੂ ਵੱਲੋਂ ਮੁਰਦਿਆਂ ਵਿੱਚੋਂ ਜ਼ਿੰਦਾ ਕੀਤੇ ਗਏ ਲੋਕਾਂ ਦਾ ਵੀ ਮੋਅਜਜ਼ੇ ਕਰਨ ਦੀ ਉਸ ਦੀ ਸਮਰੱਥਾ ਵਿਚ ਕੋਈ ਵਿਸ਼ਵਾਸ ਨਹੀਂ ਸੀ।

ਯਿਸੂ ਕਿਸੇ ਵੀ ਕਿਸਮ ਦੀ ਜਿਸਮਾਨੀ ਤਕਲੀਫ਼ ਨੂੰ ਚੰਗਿਆਂ ਕਰਨ ਤਕ ਹੀ ਸੀਮਤ ਨਹੀਂ ਸੀ। ਉਹ ''ਲੋਕਾਂ ਵਿੱਚੋਂ *ਸਾਰੇ* ਰੋਗ ਅਤੇ *ਸਾਰੀ* ਮਾਂਦਗੀ ਨੂੰ ਹਟਾਉਂਦਾ ਸੀ'' ਦੂਰ ਕੀਤਾ (ਮੱਤੀ 4:23)। ਇਸ ਹਫ਼ਤੇ ਦੇ ਬਾਈਬਲ ਪਾਠ ਵਿਚ ਉਸ ਨੇ ਬੁਖਾਰ ਵਰਗੀ ''ਆਮ'' ਬਿਮਾਰੀ ਨੂੰ ਠੀਕ ਕੀਤਾ

ਅਤੇ ਉਸ ਨੇ ''ਕੋੜ੍ਹ ਨਾਲ ਭਰੇ ਹੋਏ'' ਇਕ ਆਦਮੀ ਨੂੰ ਵੀ ਚੰਗਾ ਕੀਤਾ ਸੀ (ਲੂਕਾ 5:12)। ਉਸ ਨੇ ਸਿਰਫ਼ ਚੋਣਵੇਂ ਲੋਕਾਂ ਨੂੰ ਹੀ ਚੰਗਿਆਈ ਨਹੀਂ ਦਿੱਤੀ ਜਦੋਂ ਕਿਸੇ ਵਿਚ ਸਚਮੁਚ ਚੰਗਿਆਈ ਦੇਣ ਦੀ ਸਮਰੱਥ ਹੋਵੇ, ਤਾਂ ਇਸ ਦੀ ਕੋਈ ਹੱਦ ਨਹੀਂ ਹੁੰਦੀ ਕਿ ਉਹ ਕਿਸ ਨੂੰ ਚੰਗਿਆਈ ਦੇ ਸਕਦਾ ਹੈ ਅਤੇ ਕਿਸ ਨੂੰ ਨਹੀਂ।

ਯਿਸੂ ਦੀ ਵੀ ਕੋਈ ਹੱਦ ਨਹੀਂ ਸੀ ਕਿ ਉਹ ਕਿੰਨੇ ਲੋਕਾਂ ਨੂੰ ਚੰਗਾ ਕਰ ਸਕਦਾ ਹੈ। ਉਹ ਉਨ੍ਹਾਂ ਸਭਨਾਂ ਨੂੰ ਚੰਗਿਆਈ ਦੇ ਸਕਦਾ ਸੀ। ਅਜਿਹਾ ਕਦੇ ਨਹੀਂ ਹੋਇਆ ਕਿ ਉਹ ਕਿਸੇ ਨੂੰ ਚੰਗਿਆਈ ਨਾ ਦੇ ਸਕਿਆ ਹੋਵੇ।

> ਸਾਰੇ ਸੁਰੀਆ ਦੇਸ ਵਿੱਚ ਉਹ ਦੀ ਧੁੰਮ ਪੈ ਗਈ ਅਤੇ ਉਨ੍ਹਾਂ ਸਭਨਾਂ ਰੋਗੀਆਂ ਨੂੰ ਜਿਹੜੇ ਕਈ ਪਰਕਾਰ ਦੇ ਰੋਗਾਂ ਅਤੇ ਦੁਖਾਂ ਵਿਚ ਫਸੇ ਹੋਏ ਸਨ ਅਤੇ ... ਉਸ ਨੇ ਉਨ੍ਹਾਂ ਨੂੰ ਚੰਗੇ ਕੀਤਾ (ਮੱਤੀ 4:24)।
>
> ਉਸਨੇ ... ਹਰ ਬੀਮਾਰੀ ਨੂੰ ਚੰਗਾ ਕੀਤਾ (ਮੱਤੀ 8:16)।
>
> ... ਓਹ ਸਾਰੇ ਜਿਨ੍ਹਾਂ ਦੇ ਭਾਂਤ ਭਾਂਤ ਦੇ ਰੋਗੀ ਸਨ ਉਨ੍ਹਾਂ ਨੂੰ ਉਸ ਕੋਲ ਲਿਆਏ ਅਤੇ ਉਸ ਨੇ *ਉਨ੍ਹਾਂ ਵਿੱਚੋਂ ਹਰੇਕ ਉੱਤੇ* ਹੱਥ ਰੱਖ ਕੇ ਉਨ੍ਹਾਂ ਨੂੰ ਚੰਗਾ ਕੀਤਾ (ਲੂਕਾ 4:40)।

ਦੂਜਾ, ਯਿਸੂ ਵੱਲੋਂ ਕੀਤੀਆਂ ਗਈਆਂ ਚੰਗਿਆਈਆਂ ਵਿਚ ਖ਼ਾਸ ਗੱਲਾਂ ਸਨ:

(1) ਚੰਗਿਆਈ ਓਸੇ ਵੇਲੇ ਹੁੰਦੀ ਸੀ। ਲੋਕ ਹੌਲੀ ਹੌਲੀ ਚੰਗੇ ਨਹੀਂ ਹੁੰਦੇ ਸਨ। ਕੋੜ੍ਹੀ ਬਾਰੇ, ਅਸੀਂ ਪੜ੍ਹਦੇ ਹਾਂ ਕਿ ''ਉਸੇ ਵੇਲੇ ਉਹ ਦਾ ਕੋੜ੍ਹ ਜਾਂਦਾ ਰਿਹਾ'' (ਮੱਤੀ 8:3; ਮਰਕੁਸ 1:42; ਲੂਕਾ 5:13 ਵੀ ਵੇਖੋ)। ਅਧਰੰਗ ਦੇ ਮਾਰੇ ਹੋਏ ਆਦਮੀ ਬਾਰੇ ਮਰਕੁਸ 2:12 ਆਖਦਾ ਹੈ, ''ਉਹ ਉੱਠਿਆ ਅਰ ਝੱਟ ਮੰਜੀ ਚੁੱਕ ਕੇ ਉਨ੍ਹਾਂ ਸਭਨਾਂ ਦੇ ਸਾਹਮਣੇ ਨਿੱਕਲ ਗਿਆ! ...'' (ਵੇਖੋ ਲੂਕਾ 5:25)।[3]

(2) ਚੰਗਿਆਈ *ਮੁਕੰਮਲ* ਸੀ। ਲੋਕਾਂ ਨੂੰ ਥੋੜ੍ਹੀ ਕੁ ਚੰਗਿਆਈ ਨਹੀਂ ਮਿਲਦੀ ਸੀ। ਇਸ ਦਾ ਪਤਾ ਸਾਡੇ ਇਸ ਹਫ਼ਤੇ ਦੇ ਬਾਈਬਲ ਪਾਠ ਦੇ ਵੇਰਵਿਆਂ ਤੋਂ ਲਗਦਾ ਹੈ। ਸਿਨਾਗੋਗ ਵਾਲਾ ਆਦਮੀ ਯਿਸੂ ਵੱਲੋਂ ਬਦਰੂਹ ਨੂੰ ਕੱਢੇ ਜਾਣ ਦੇ ਫ਼ੌਰਨ ਬਾਅਦ ਪੂਰੀ ਤਰ੍ਹਾਂ ਚੰਗਾ ਹੋ ਗਿਆ ਸੀ। ਪਤਰਸ ਦੀ ਸੱਸ ਯਿਸੂ ਵੱਲੋਂ ਚੰਗਾ ਕਰਨ ਦੇ ਬਾਅਦ ਬਿਲੁਕਲ ਠੀਕ ਹੋ ਗਈ ਸੀ; ਉਹ ਝੱਟ ਆਪਣਾ ਕੰਮ ਕਾਜ ਕਰਨ ਲਗ ਪਈ ਸੀ। ਕੋੜ੍ਹੀ ਥੋੜ੍ਹਾ ਜਿਹਾ ''ਬੇਹਤਰ'' ਨਹੀਂ ਹੋਇਆ ਸੀ; ਉਹਦਾ ਜਿਸਮ ਪੂਰਾ ਸਾਫ਼ ਹੋ ਗਿਆ ਸੀ। ਮੰਜੇ ਤੇ ਪਿਆ ਅਠੱਤੀ ਵਰ੍ਹਿਆਂ ਤੋਂ ਬੀਮਾਰ ਆਪਣਾ ਮੰਜਾ ਚੁੱਕ ਕੇ ਓਸੇ ਵੇਲੇ ਬਾਹਰ ਚਲਿਆ ਗਿਆ ਸੀ। ਆਪਣੇ ਅਧਿਐਨ ਵਿਚ ਅੱਗੇ ਅਸੀਂ ਹੋਰ ਵੀ ਕਈ ਮਾਮਲੇ ਵੇਖਾਂਗੇ: ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ ਗਈਆਂ, ਸੁੱਕੇ ਹੱਥ ਵਾਲੇ ਨੂੰ ਚੰਗਾ ਕੀਤਾ ਗਿਆ ਅਤੇ ਮੁਰਦਿਆਂ ਨੂੰ ਜ਼ਿੰਦਾ ਕੀਤਾ ਗਿਆ ਸੀ।

(3) ਚੰਗਿਆਈ *ਯਕੀਨ ਦੁਆਉਣ ਵਾਲੀ* ਹੁੰਦੀ ਹੈ। ਮੈਂ ਪਹਿਲਾਂ ਵੀ ਟਿੱਪਣੀ ਕੀਤੀ ਸੀ ਕਿ ਯਿਸੂ ਦੇ ਮੋਅਜਜ਼ੇ ਅਜਿਹੇ ਸਨ ਕਿ ਕੋਈ ਵੀ ਇਹ ਨਹੀਂ ਆਖ ਸਕਦਾ ਸੀ ਕਿ ਉਹ ਮੋਅਜਜ਼ੇ ਨਹੀਂ ਹੋਏ। ਕਈਆਂ ਨੇ ਇਹ ਕਹਿ ਕੇ ਕਿ ਯਿਸੂ ਦੇ ਕੰਮ ਬਾਲਜ਼ਬੂਲ ਦੀ ਮਦਦ ਨਾਲ ਹੁੰਦੇ ਹਨ, ਉਸ ਨੂੰ ਬਦਨਾਮ ਕਰਨਾ ਚਾਹਿਆ; ਪਰ ਉਹ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕੇ ਸਨ ਕਿ ਮੋਅਜਜ਼ੇ ਹੋਏ ਸਨ। ਨਤੀਜੇ ਵਜੋਂ, ਲੋਕਾਂ ਦੀ ਭੀੜ ਵਧਣ ਲੱਗੀ ਅਤੇ ਯਿਸੂ ਦੀ ਹਰ ਪਾਸੇ ਮਸ਼ਹੂਰੀ ਹੋ ਗਈ: ''... ਉਹ ਦੀ ਧੁੰਮ ਪੈ ਗਈ। ... ਅਤੇ ਵੱਡੀਆਂ ਭੀੜਾਂ ਗਲੀਲ ਅਤੇ ਦਿਕਾਪੁਲਿਸ ਅਤੇ ਯਰੂਸ਼ਲਮ ਅਤੇ ਯਹੂਦੀਆ ਅਤੇ ਯਰਦਨ ਦੇ ਪਾਰੋਂ ਉਹ ਦੇ ਮਗਰ ਲੱਗ ਪਈਆਂ'' (ਮੱਤੀ 4:24, 25।

ਯਿਸੂ ਵੱਲੋਂ ਸਿਨਾਗੋਗ ਵਿਚ ਭੂਤ ਚੰਬੜੇ ਆਦਮੀ ਨੂੰ ਚੰਗਾ ਕਰਨ ਦੇ ਬਾਅਦ ਅਸੀਂ ਪੜ੍ਹਦੇ ਹਾਂ:

> ਉਹ ਸਾਰੇ ਲੋਕ ਐਨੇ ਹੈਰਾਨ ਹੋਏ ਕਿ ਆਪੋ ਵਿਚ ਚਰਚਾ ਕਰਨ ਲੱਗੇ ਭਈ ਇਹ ਕੀ ਹੈ? ... ਉਹ ਤਾਂ ਭਰਿਸ਼ਟ ਆਤਮਿਆਂ ਨੂੰ ਇਖ਼ਤਿਆਰ ਨਾਲ ਹੁਕਮ ਕਰਦਾ ਹੈ ਅਤੇ ਉਹ ਉਸ ਦੀ ਮੰਨ ਲੈਂਦੇ ਹਨ! ਓਵੇਂ ਹੀ ਗਲੀਲ ਦੇ ਸਾਰੇ ਇਲਾਕੇ ਵਿਚ ਉਹ ਦੀ ਧੁੰਮ ਪੈ ਗਈ (ਮਰਕੁਸ 1:27, 28)।

ਕੋੜ੍ਹੀ ਨੂੰ ਚੰਗਾ ਕਰਨ ਦੇ ਬਾਅਦ ''ਉਸ ਦੀ ਚਰਚਾ ਵਧੀਕ ਫੈਲ ਗਈ ਅਤੇ ਵੱਡੀ ਭੀੜ ਉਸ ਦੀਆਂ ਗੱਲਾਂ ਸੁਣਨ ਅਤੇ ਆਪਣੀਆਂ ਮਾਂਦਗੀਆਂ ਤੋਂ ਚੰਗੇ ਹੋਣ ਲਈ ਇਕੱਠੀ ਹੋਈ'' (ਲੂਕਾ 5:15। ਸ਼ਾਇਦ ਇਸ ਹਫ਼ਤੇ ਦੇ ਬਾਈਬਲ ਪਾਠ ਦੀ ਸਭ ਤੋਂ ਵਧੀਆ ਉਦਾਹਰਣ ਛੱਤ ਵਿੱਚੋਂ ਦੀ ਲਾਹੇ ਗਏ ਆਦਮੀ ਨੂੰ ਚੰਗਾ ਕਰਨ ਦੀ ਗੱਲ ਹੈ। ਯਿਸੂ ਦੇ ਦੁਸ਼ਮਣ ਵੀ ਇਹ ਇਨਕਾਰ ਨਹੀਂ ਕਰ ਸਕਦੇ ਹਨ ਕਿ ਮੋਅਜਜ਼ਾ ਹੋਇਆ ਹੈ।

ਯਿਸੂ ਦੀਆਂ ਚੰਗਿਆਈਆਂ ਦੇ ਬਾਕੀ ਪਹਿਲੂਆਂ ਤੇ ਵੀ ਗੱਲ ਕੀਤੀ ਜਾ ਸਕਦੀ ਹੈ, ਪਰ ਆਓ ਇਕ ਹੋਰ ਪਹਿਲੂ ਤੇ ਜ਼ੋਰ ਦਿੰਦੇ ਹਾਂ: ਤੀਜਾ, ਯਿਸੂ ਦਾ ਉਪਦੇਸ਼ ਬੁਨਿਆਦੀ ਤੌਰ ਤੇ ਰੂਹਾਨੀ ਸੀ। ਉਹਦਾ ਮਕਸਦ ਲੋਕਾਂ ਦੇ ਦੁੱਖ ਦੂਰ ਕਰਨਾ ਹੀ ਨਹੀਂ, ਬਲਕਿ ਉਨ੍ਹਾਂ ਦੀਆਂ ਰੂਹਾਂ ਨੂੰ ਬਚਾਉਣਾ ਵੀ ਸੀ। ਇਸ ਹਫ਼ਤੇ ਜਦ ਤੁਸੀਂ ਪੜ੍ਹ ਰਹੇ ਸੀ, ਤਾਂ ਕੀ ਤੁਸੀਂ ਲੂਕਾ 4:43 ਪੜ੍ਹਿਆ? ਇਸ ਵਿਚ ਆਖਿਆ ਗਿਆ ਹੈ, ''ਪਰ ਉਸ ਨੇ ਉਨ੍ਹਾਂ ਨੂੰ ਆਖਿਆ ਕਿ ਮੈਨੂੰ ਚਾਹੀਦਾ ਹੈ ਜੋ ਹੋਰਨਾਂ ਨਗਰਾਂ ਵਿਚ ਵੀ ਖ਼ੁਦਾ ਦੇ ਰਾਜ ਦੀ ਖੁਸ਼ਖ਼ਬਰੀ ਸੁਣਾਵਾਂ ਕਿਉਂਕਿ ਮੈਂ *ਇਸੇ ਲਈ* ਘੱਲਿਆ ਗਿਆ।'' ਉਸ ਨੇ ਇਹ ਨਹੀਂ ਆਖਿਆ ਕਿ ਉਸ ਨੂੰ ਚੰਗਿਆਈ ਦੇਣ ਲਈ ਘੱਲਿਆ ਗਿਆ ਹੈ, ਬਲਕਿ ਇਹ ਆਖਿਆ ਕਿ ਉਸ ਨੂੰ ਪ੍ਰਚਾਰ ਕਰਨ ਭੇਜਿਆ ਗਿਆ ਹੈ, ਤਾਂ ਜੋ ਲੋਕ ਬਚ ਸਕਣ (ਵੇਖੋ ਲੂਕਾ 19:10)।

ਇਸ ਦਾ ਮਤਲਬ ਇਹ ਨਹੀਂ ਕਿ ਯਿਸੂ ਨੂੰ ਮਨੁੱਖ ਦੀਆਂ ਦੁੱਖ ਤਕਲੀਫ਼ਾਂ ਦਾ ਦਰਦ ਨਹੀਂ ਹੁੰਦਾ ਸੀ। ਕੋੜ੍ਹੀ ਨੂੰ ਵੇਖ ਕੇ ਉਸ ਨੂੰ ''ਉਸ ਉੱਤੇ ਤਰਸ'' ਆਇਆ ਸੀ (ਮਰਕੁਸ 1:41)। ਇਸ ਦਾ ਮਤਲਬ ਇਹ ਸੀ ਕਿ ਯਿਸੂ ਦੀ ਤਰਜੀਹ ਚੰਗਿਆਈ ਦੇਣਾ ਜਾਂ ਹੋਰ ਮੋਅਜਜ਼ੇ ਕਰਨਾ ਨਹੀਂ ਸੀ। ਉਸਦੀ ਸਭ ਤੋਂ ਵੱਡੀ ਦਿਲਚਸਪੀ ਲੋਕਾਂ ਦੀਆਂ ਰੂਹਾਂ ਸਨ, ਨਾ ਕਿ ਉਨ੍ਹਾਂ ਦੇ ਜਿਸਮ। ਉਸ ਆਦਮੀ ਨੂੰ ਛੱਤ ਵਿੱਚੋਂ ਦੀ ਲਾਹੇ ਜਾਣ ਤੇ ਯਿਸੂ ਨੇ ਪਹਿਲਾ ਕੰਮ ਉਸ ਦੇ ਪਾਪ ਮਾਫ਼ ਕਰਨ ਦਾ ਹੀ ਕੀਤਾ ਸੀ (ਮਰਕੁਸ 2:5)।

### ਅੱਜ ਦੇ ਅਖੌਤੀ ਮੋਅਜਜ਼ੇ

ਚਰਚਾ ਦੇ ਇਸ ਹਿੱਸੇ ਨੂੰ ਕੁਝ ਭਿੰਨਤਾਵਾਂ ਵੱਲ ਧਿਆਨ ਦੁਆਏ ਬਿਨਾਂ ਛੱਡਿਆ ਨਹੀਂ ਜਾ ਸਕਦਾ। ਯਿਸੂ ਦੇ ਮੋਅਜਜ਼ਿਆਂ ਵਿਚ ਲੋਕਾਂ ਦੇ ਯਕੀਨ ਨਾ ਕੀਤੇ ਜਾਣ ਦਾ ਇਕ ਕਾਰਣ ਇਹ ਹੈ ਕਿ ਕੁਝ ਲੋਕ ਉਹੀ ਸ਼ਕਤੀ ਹੋਣ ਦਾ ਦਾਅਵਾ ਕਰਦੇ ਹਨ, ਜਿਹੜੀ ਯਿਸੂ ਅਤੇ ਰਸੂਲਾਂ ਕੋਲ ਸੀ। ਜਦ ਸੰਦੇਹਵਾਦੀ ਲੋਕ ਉਨ੍ਹਾਂ ਕੰਮਾਂ ਦੀ ਸਮੀਖਿਆ ਕਰਦੇ ਹਨ, ਜਿਨ੍ਹਾਂ ਨੂੰ ਇਹ ਲੋਕ ਮੋਅਜਜ਼ੇ ਆਖਦੇ ਹਨ ਤਾਂ ਇਹ ਪਤਾ ਲੱਗਣ ਤੇ ਕਿ ਇਹ ਹਕੀਕਤ ਵਿਚ ਮੋਅਜਜ਼ੇ ਨਹੀਂ ਹਨ, ਉਹ ਇਹੀ ਨਿਚੋੜ ਕੱਢਦੇ ਹਨ ਕਿ ਯਿਸੂ ਅਤੇ ਰਸੂਲ ਵੀ ਮੋਅਜਜ਼ੇ ਨਹੀਂ ਕਰ ਸਕਦੇ ਸਨ। ਪਰ ਯਿਸੂ ਦੇ ਮੋਅਜਜ਼ਿਆਂ ਅਤੇ ਅੱਜ ਦੇ ਅਖੌਤੀ ਮੋਅਜਜ਼ਿਆਂ ਵਿਚ ਫ਼ਰਕ ਤੇ ਧਿਆਨ ਦੇਣ ਦੀ ਲੋੜ ਹੈ।

ਜਿਵੇਂ ਕਿ ਅਸੀਂ ਵੇਖਿਆ ਹੈ ਕਿ ਯਿਸੂ ਦੇ ਮੋਅਜਜ਼ੇ ਸੀਮਤ ਨਹੀਂ ਸਨ ਭਾਵ ਉਹ ਦੂਜਿਆਂ ਦੇ ਵਿਸ਼ਵਾਸ, ਕਿਸੇ ਕਿਸਮ ਦੀ ਜਿਸਮਾਨੀ ਤਕਲੀਫ਼, ਜਾਂ ਹੋਰ ਮਾਮਲਿਆਂ ਤਕ ਹੀ ਸੀਮਤ ਨਹੀਂ ਸੀ। ਇਸ ਦੇ ਉਲਟ ਅੱਜ ਜਦ ਲੋਕ ਕਿਸੇ ਨੂੰ ਚੰਗਿਆਈ ਨਹੀਂ ਦੇ ਪਾਉਂਦੇ ਤਾਂ ਅਕਸਰ ਆਖਦੇ ਹਨ,

''ਉਸ ਦਾ ਵਿਸ਼ਵਾਸ ਥੋੜ੍ਹਾ ਸੀ।'' ਅਸਲ ਵਿਚ ਉਹ ਕਹਿ ਰਹੇ ਹੁੰਦੇ ਹਨ ''ਅਸੀਂ ਕਿਸੇ ਦੇ ਵਿਸ਼ਵਾਸ ਨਾਲ ਹੀ ਚੰਗਿਆਈ ਦੇ ਸਕਦੇ ਹਾਂ।'' ਇਸ ਦੇ ਇਲਾਵਾ ਅਸੀਂ ਵੇਖਦੇ ਹਾਂ ਕਿ ਯਿਸੂ ਹਰ ਕਿਸਮ ਦੀ ਬੀਮਾਰੀ ਨੂੰ ਚੰਗਾ ਕਰ ਸਕਦਾ ਸੀ ਜਦ ਕਿ ਅਜਿਹੀਆਂ ਬੀਮਾਰੀਆਂ ਹਨ ਜਿਨ੍ਹਾਂ ਨੂੰ ਅੱਜ ਦੇ ਅਖੌਤੀ ਚੰਗਿਆਈ ਦੇਣ ਵਾਲੇ ਠੀਕ ਨਹੀਂ ਕਰਨਗੇ। ਜਦ ਵੀ ਉਨ੍ਹਾਂ ਦੀ ''ਚੰਗਿਆਈ ਸਭਾ'' ਹੁੰਦੀ ਹੈ, ਲੋਕ ਬਿਨਾਂ ਚੰਗਿਆਈ ਪਾਏ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ।

ਆਓ ਯਿਸੂ ਦੇ ਮੋਅਜਜ਼ਿਆਂ ਨਾਲੋਂ ਇਨ੍ਹਾਂ ਨੂੰ ਖ਼ਾਸ ਕਰਕੇ ਤਿੰਨ ਗੱਲਾਂ ਵਿਚ ਫ਼ਰਕ ਕਰਦੇ ਹਾਂ; ਯਿਸੂ ਦੇ ਮੋਅਜਜ਼ੇ ਪਹਿਲਾਂ ਤਾਂ *ਫੌਰੀ* ਅਤੇ *ਮੁਕੰਮਲ* ਹੁੰਦੇ ਹਨ। ਅਖੌਤੀ ਚੰਗਿਆਈ ਦੇਣ ਵਾਲੇ ਅਕਸਰ ਇਹੀ ਜ਼ੋਰ ਦਿੰਦੇ ਹਨ ਕਿ ''ਚੰਗਿਆਈ ਪਾਉਣ ਵਾਲਾ'' ਪਹਿਲਾ ਨਾਲੋਂ ਠੀਕ ਹੋ ਗਿਆ ਹੈ ਅਤੇ ਹੌਲੀ ਹੌਲੀ ਪੂਰਾ ਠੀਕ ਹੋ ਜਾਵੇਗਾ। ਤੁਸੀਂ ਜੇ ਕਿਸੇ ''ਚੰਗਾਈ ਸਭਾ'' ਵਿਚ ਜਾਓ, ਤਾਂ ਉੱਥੇ ਕਿਸੇ ਸੁੱਕੇ ਅੰਗ ਵਾਲੇ ਨੂੰ ਚੰਗਿਆਈ ਨਹੀਂ ਮਿਲੇਗੀ; ਤੁਸੀਂ ਕਿਸੇ ਮੁਰਦੇ ਨੂੰ ਜ਼ਿੰਦਾ ਹੋਇਆ ਨਹੀਂ ਵੇਖੋਗੇ। ਯਿਸੂ ਵਰਗੇ ਮੋਅਜਜ਼ੇ ਕਰਨ ਵਾਲਿਆਂ ਦੀ ਹੀ ਗੱਲ ਵਿਨਾਸ਼ਕਾਰੀ ਹੈ। ਯਿਸੂ ਦੇ ਮੋਅਜਜ਼ੇ ਯਕੀਨ ਦੁਆਉਣ ਵਾਲੇ ਸਨ; ਯਿਸੂ ਦੇ ਮੋਅਜਜ਼ਿਆਂ ਨੂੰ ਉਸ ਦੇ ਵੈਰੀ ਵੀ ਮੰਨਦੇ ਸਨ; ਇੱਥੋਂ ਤਕ ਕਿ ਨਾਸਤਿਕ ਨੂੰ ਵੀ ਮੰਨਣਾ ਪੈਂਦਾ ਸੀ; ਕੋਈ ਇਹ ਇਨਕਾਰ ਨਹੀਂ ਕਰ ਸਕਦਾ ਸੀ ਕਿ ਮੋਅਜਜ਼ੇ ਹੋਏ ਹਨ। ਮੈਂ ਇਸ ''ਚੰਗਾਈ ਸਭਾ'' ਵਿਚ ਜਾ ਕੇ ਅਤੇ ਟੈਲੀਵਿਜ਼ਨ ਤੇ ਕਈ ਅਜਿਹੇ ਕੰਮ ਵੇਖੇ ਹਨ, ਪਰ ਅਜੇ ਤਕ ਮੈਨੂੰ ਕੋਈ ਮੋਅਜਜ਼ਾ ਨਹੀਂ ਮਿਲਿਆ। ਇਹ ਇਨਕਾਰ ਕਰਨਾ ਕਿ ਅੱਜ ਮੋਅਜਜ਼ੇ ਨਹੀਂ ਹੋ ਰਹੇ ਔਖਾ ਨਹੀਂ ਹੈ।

ਅਖ਼ੀਰ ਵਿਚ, ਜ਼ੋਰ ਦੇਣ ਵਿਚ ਫ਼ਰਕ ਹੈ; ਯਿਸੂ ਦਾ ਜ਼ੋਰ ਕਦੇ ਵੀ ਜਿਸਮਾਨੀ, ਤਕਲੀਫ਼ ਤੋਂ ਰਾਹਤ ਦੁਆਉਣਾ ਨਹੀਂ ਸੀ। ਬਲਕਿ ਉਸ ਦਾ ਜ਼ੋਰ ਰੂਹਾਨੀ ਮਨੁੱਖ ਤੇ ਸੀ ਜੋ ''ਚੰਗਾਈ ਸਭਾਵਾਂ'' ਮੈਂ ਵੇਖੀਆਂ ਹਨ, ਉਨ੍ਹਾਂ ਵਿਚ ਦਿੱਤਾ ਜਾਣ ਵਾਲਾ ਜ਼ੋਰ ਅਤੇ ਜੋਸ਼ ਜਿਸਮਾਨੀ ਚੰਗਿਆਈ ਤੇ ਕੇਂਦਰਿਤ ਰਹਿੰਦਾ ਹੈ।

ਮੈਂ ਫੇਰ ਆਖਦਾ ਹਾਂ ਕਿ ਲੋਕਾਂ ਨੂੰ ਯਕੀਨ ਦੁਆਉਣ ਵਿਚ ਕਿ ਯਿਸੂ ਨੇ ਮੋਅਜਜ਼ੇ ਕੀਤੇ, ਵੱਡੀ ਰੁਕਾਵਟ ਅੱਜ ਦੇ ਬਨਾਵਟੀ ਮੋਅਜਜ਼ੇ ਹਨ। ਇਸ ਦੇ ਦੋਸ਼ੀਆਂ ਨੂੰ ਇਕ ਦਿਨ ਹਿਸਾਬ ਦੇਣਾ ਪਵੇਗਾ।

## ਯਿਸੂ ਦੇ ਮੋਅਜਜ਼ਿਆਂ ਦਾ ਨਤੀਜਾ

ਸਾਡਾ ਆਖ਼ਰੀ ਵਿਚਾਰ ਪਹਿਲਾਂ ਚਰਚਾ ਕੀਤੀ ਸੱਚਾਈ ਤੇ ਅਧਾਰਿਤ ਹੈ। ਮੈਂ ਇਸ ਵਿਚਾਰ ਨੂੰ ਖਤਮ ਕਰਨਾ ਚਾਹੁੰਦਾ ਹਾਂ, ਕਿਉਂਕਿ ਯਿਸੂ ਦੇ ਮੋਅਜਜ਼ੇ, ਚੰਗਿਆਈ ਦੇਣ ਦੇ ਹੋਣ, ਤੂਫ਼ਾਨ ਨੂੰ ਥੰਮ੍ਹਣ, ਜਾਂ ਮੁਰਦਿਆਂ ਨੂੰ ਜਿਵਾਉਣ ਦੇ ਹੋਣ ਇਹੀ ਹੈ। ਯਿਸੂ ਦੇ ਮੋਅਜਜ਼ਿਆਂ ਤੋਂ ਇਹ ਸਾਬਿਤ ਹੋਇਆ ਹੈ ਕਿ ਉਹ ਖ਼ੁਦਾ ਦਾ ਪੁੱਤਰ ਅਤੇ ਸਾਡਾ ਮੁਕਤੀਦਾਤਾ ਹੈ।

ਯਿਸੂ ਦੇ ਮੋਅਜਜ਼ਿਆਂ ਦਾ ਉਨ੍ਹਾਂ ਨੂੰ ਵੇਖਣ ਵਾਲਿਆਂ ਤੇ ਡੂੰਘਾ ਅਸਰ ਹੋਇਆ। ਇਸ ਨੂੰ ਛੱਤ ਵਿੱਚੋਂ ਦੀ ਲਾਹੇ ਗਏ ਆਦਮੀ ਦੇ ਮਾਮਲੇ ਵਿਚ ਵੇਖਿਆ ਜਾ ਸਕਦਾ ਹੈ। ਤਿੰਨ ਵਿਰਤਾਂਤਾਂ ਨੂੰ ਇਕੱਠਿਆਂ ਕਰਨ ਤੇ ਤੁਸੀਂ ਵੇਖ ਸਕਦੇ ਹੋ ਕਿ ਉੱਥੇ ਮੌਜੂਦ ਲੋਕਾਂ ਨੂੰ ਇਸ ਮੋਅਜਜ਼ੇ ਦਾ ਅਸਰ ਹੋਇਆ ਸੀ:

- ਉਹ ਦੰਗ ਰਹਿ ਗਏ (ਮਰਕੁਸ 2: 12)।
- ਉਹ ਹੈਰਾਨ ਹੋਏ (ਲੂਕਾ 5:26)।
- ਉਹ ਡਰ ਗਏ (ਮੱਤੀ 9:8)।
- ਉਨ੍ਹਾਂ ਨੇ ਖ਼ੁਦਾ ਦੀ ਵਡਿਆਈ ਕੀਤੀ (ਮੱਤੀ 9:8; ਮਰਕੁਸ 2: 12; ਲੂਕਾ 5:25, 26)।

ਯਿਸੂ ਨੇ ਜ਼ੋਰ ਦਿੱਤਾ ਕਿ ਉਸ ਦੇ ਮੋਅਜਜ਼ਿਆਂ ਦਾ ਬੁਨਿਆਦੀ ਮਕਸਦ ਲੋਕਾਂ ਨੂੰ ਯਕੀਨ ਦੁਆਉਣਾ ਸੀ ਕਿ ਉਹ ਸਚਮੁਚ ਖ਼ੁਦਾ ਦਾ ਪੁੱਤਰ ਹੈ। ਉਦਾਹਰਣ ਵਜੋਂ, ਇਹ ਸਾਬਤ ਕਰਨ ਲਈ ਕਿ ਉਸ ਨੂੰ ਪਾਪ ਮਾਫ਼ ਕਰਨ ਦਾ ਇਖ਼ਤਿਆਰ ਹੈ (ਜੋ ਸਿਰਫ਼ ਖ਼ੁਦਾ ਹੀ ਦੇ ਸਕਦਾ ਹੈ), ਉਸ ਨੇ ਛੱਤ ਵਿੱਚੋਂ ਦੀ ਲਾਹੇ ਗਏ ਅਧਰੰਗੀ ਨੂੰ ਚੰਗਾ ਕੀਤਾ (ਮੱਤੀ 9:4–6)। ਇਸ ਅਧਿਐਨ ਵਿਚ ਅੱਗੇ ਇਸ ਸੱਚਾਈ ਨੂੰ ਬਾਰ ਬਾਰ ਸਮਝਾਇਆ ਜਾਵੇਗਾ। ਜਦ ਯੂਹੰਨਾ ਬਪਤਿਸਮਾ ਦੇਣ ਵਾਲਾ ਪਸ਼ੋਪੇਸ਼ ਵਿਚ ਸੀ ਕਿ ਯਿਸੂ ਹੀ ਮਸੀਹਾ ਹੈ ਜਾਂ ਨਹੀਂ ਤਾਂ ''ਹਾਂ'' ਕਹਿਣ ਦੀ ਥਾਂ ਯਿਸੂ ਨੇ ਕਈ ਲੋਕਾਂ ਨੂੰ ਚੰਗਾ ਕੀਤਾ ਸੀ। ਅਸਲ ਵਿਚ ਉਸ ਨੇ ਕੀਤਾ ਸੀ, ''ਜੋ ਕੁਝ ਤੁਸਾਂ ਵੇਖਿਆ ਅਤੇ ਸੁਣਿਆ ਹੈ ਯੂਹੰਨਾ ਨੂੰ ਜਾ ਦੱਸਿਓ'' (ਵੇਖੋ ਲੂਕਾ 7:20–23)।

ਯੂਹੰਨਾ ਨੇ ਖ਼ਾਸ ਤੌਰ ਤੇ ਇਸ ਤੱਥ ਤੇ ਜ਼ੋਰ ਦਿੱਤਾ। ਯੂਹੰਨਾ 2:11 ਵਿਚ ਯਿਸੂ ਦੇ ਪਹਿਲੇ ਮੋਅਜਜ਼ੇ ਨਾਲ ਉਹਦੇ ਚੇਲਿਆਂ ਦਾ ਵਿਸ਼ਵਾਸ ਉਸ ਵਿਚ ਵਧ ਗਿਆ। ਯੂਹੰਨਾ 5:36 ਵਿਚ ਮਸੀਹ ਨੇ ਆਖਿਆ ਕਿ ''ਜਿਹੜਾ ਵੱਢਦਾ ਹੈ ਉਹ ਮਜ਼ਦੂਰੀ ਲੈਂਦਾ ਅਤੇ ਸਦੀਪਕ ਜੀਉਣ ਲਈ ਫਲ ਇਕੱਠਾ ਕਰਦਾ ਹੈ ਤਾਂ ਬੀਜਣ ਵਾਲਾ ਅਤੇ ਵੱਢਣ ਵਾਲਾ ਦੋਵੇਂ ਅਨੰਦ ਹੋਣ।'' ਯਿਸੂ ਆਪਣੇ ਚੇਲਿਆਂ ਨੂੰ ਚੁਣੌਤੀ ਦਿੱਤੀ ਕਿ ਮੇਰੇ ''ਕੰਮਾਂ ਦੇ ਹੀ ਕਾਰਣ ਮੇਰਾ ਵਿਸ਼ਵਾਸ ਕਰੋ'' (ਯੂਹੰਨਾ 14:11)। ਤੁਸੀਂ ਕਹਿ ਸਕਦੇ ਹੋ, ਜੇ ਮੈਂ ਯਿਸੂ ਦੇ ਮੋਅਜਜ਼ੇ ਵੇਖ ਲੈਂਦਾ ਤਾਂ ਮੈਂ ਜਰੂਰ ਵਿਸ਼ਵਾਸ ਕਰ ਲੈਂਦਾ। ਯੂਹੰਨਾ ਨੇ ਇਹ ਵੀ ਜੋੜਿਆ ਹੈ:

> ਯਿਸੂ ਨੇ ਹੋਰ ਵੀ ਬਾਹਲੇ ਨਿਸ਼ਾਨ ਚੇਲਿਆਂ ਦੇ ਸਾਹਮਣੇ ਵਿਖਾਏ ਜੋ ਇਸ ਪੁਸਤਕ ਵਿਚ ਨਹੀਂ ਲਿਖੇ ਗਏ। ਪਰ ਇਹ ਇਸ ਲਈ ਲਿਖੇ ਗਏ ਹਨ ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ, ਨਾਲੇ ਪਰਤੀਤ ਕਰ ਕੇ ਉਹ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ (ਯੂਹੰਨਾ 20:30, 31)।

ਮਸੀਹ ਦੇ ਮੋਅਜਜ਼ਿਆਂ ਨੂੰ ਦੁਹਰਾਉਣ ਦੀ ਲੋੜ ਨਹੀਂ ਹੈ। ਜਿਨ੍ਹਾਂ ਉਸ ਨੂੰ ਵੇਖਿਆ ਸੀ, ਸਾਡੇ ਕੋਲ ਉਨ੍ਹਾਂ ਦੀ ਪੱਕੀ ਗਵਾਹੀ ਹੈ। ਜੇ ਅਸੀਂ ਉਸ ਦੀ ਗਵਾਹੀ ਨੂੰ ਨਹੀਂ ਮੰਨਦੇ, ਤਾਂ ਅਸੀਂ ਉਸ ਦੇ ਮੋਅਜਜ਼ਿਆਂ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਵੀ ਯਕੀਨ ਨਹੀਂ ਕਰਾਂਗੇ (ਵੇਖੋ ਲੂਕਾ 16:31)।

## ਸਾਰ

ਯਿਸੂ ਦੇ ਮੋਅਜਜ਼ਿਆਂ ਵਿੱਚੋਂ ਕੁਝ ਅਹਿਮ ਸਬਕ ਹਨ। ਉਦਾਹਰਣ ਵਜੋਂ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਯਿਸੂ ਨੂੰ ਦੂਜਿਆਂ ਦੀਆਂ ਮੁਸ਼ਕਿਲਾਂ ਦਾ ਕਿੰਨਾ ਧਿਆਨ ਹੈ। ਅੱਜ ਵੀ ਜਦ ਮਸੀਹ ਸਾਨੂੰ ਕਿਸੇ ਪਰੇਸ਼ਾਨੀ ਵਿਚ ਵੇਖਦਾ ਹੈ ਤਾਂ ਉਸਦਾ ਮਨ ਤਰਸ ਨਾਲ ਭਰ ਜਾਂਦਾ ਹੈ। ਇਸ ਨਾਲੋਂ ਵੀ ਵਧ ਕੇ ਇਨ੍ਹਾਂ ਮੋਅਜਜ਼ਿਆਂ ਤੋਂ ਇਹ ਸਬਕ ਮਿਲਦਾ ਹੈ ਕਿ ਯਿਸੂ ਸਚਮੁਚ ਖ਼ੁਦਾ ਦਾ ਪੁੱਤਰ ਹੈ। ਇਸ ਲਈ ਅਸੀਂ ਆਪਣੇ ਪਾਪਾਂ ਤੋਂ ਛੁਟਕਾਰਾ ਪਾ ਕੇ ਇਕ ਦਿਨ ਹਮੇਸ਼ਾ ਲਈ ਉਹਦੇ ਨਾਲ ਰਹਿਣ ਲਈ ਜਾ ਸਕਦੇ ਹਾਂ!

ਕੀ ਤੁਹਾਨੂੰ *ਯਕੀਨ* ਹੈ ਕਿ ਯਿਸੂ ਖ਼ੁਦਾ ਦਾ ਪੁੱਤਰ ਹੈ? ਕੀ ਤੁਸੀਂ ਮੰਨਦੇ ਹੋ ਕਿ ਉਹ ਤੁਹਾਡੇ ਪਾਪਾਂ ਲਈ ਮਰਿਆ (1 ਕੁਰਿੰਥੀਆਂ 15:3)? ਕੀ ਇਸ ਵਿਸ਼ਵਾਸ ਨਾਲ ਤੁਸੀਂ ਮਨ ਵਿਚ ਤੌਬਾ ਕੀਤੀ ਹੈ (ਰਸੂਲਾਂ ਦੇ ਕੰਮ 17:30)? ਕੀ ਤੁਸੀਂ ਆਪਣੇ ਵਿਸ਼ਵਾਸ ਦਾ ਇਕਰਾਰ ਕਰਨ ਅਤੇ ਬਪਤਿਸਮੇ ਦੇ ਰਾਹੀਂ ਯਿਸੂ ਨੂੰ ਪਹਿਨਣ ਨੂੰ ਤਿਆਰ ਹੋ (ਰੋਮੀਆਂ 10:9, 10; ਗਲਾਤੀਆਂ 3:26, 27)? ਜੇ ਤੁਸੀਂ ਸਚਮੁਚ ਯਿਸੂ ਵਿਚ ਵਿਸ਼ਵਾਸ ਰੱਖਦੇ ਹੋ, ਤਾਂ ਆਪਣੇ ਵਿਸ਼ਵਾਸ ਨੂੰ ਹੁਣੇ ਵਿਖਾਓ।

ਟਿੱਪਣੀਆਂ

[1]ਇਸ ਸਰਵੇਖਣ ਵਿਚ ਮੱਤੀ ਦੀ ਬੁਲਾਹਟ ਤੋਂ ਇਲਾਵਾ ਇਸ ਹਫ਼ਤੇ ਦੇ ਪੂਰੇ ਪਾਠ ਨੂੰ ਸ਼ਾਮਿਲ ਕੀਤਾ ਗਿਆ ਹੈ। [2]ਅਬਿਲੇਨ, ਟੈਕਸਸ ਵਿਚ ਅਬਿਲੇਨ ਕ੍ਰਿਸਚਿਅਨ ਯੂਨੀਵਰਸਿਟੀ (ਉਦੋਂ ਅਬਿਲੇਨ ਕ੍ਰਿਸਚਿਅਨ ਕਾਲਜ)। [3]ਚੰਗਿਆਈ ਦੇ ਸਮੇਂ ਦੀ ਗੱਲ ਹੋਰ ਮਾਮਲਿਆਂ ਵਿਚ ਵੀ ਮਿਲਦੀ ਹੈ ਜਿਹੜੇ ਅਸੀਂ ਪੜ੍ਹੇ ਹਨ।